ਮਈ-ਅਗਸਤ 2026

ISSN: 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਜਿਲਦ-4
ਅੰਕ-2



ਸੰਪਾਦਕ
ਡਾ. ਜਸਵਿੰਦਰ ਸਿੰਘ ਬਰਾੜ

ਅੰਤਰ-ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ

**ਸਾਹਿਤਕ ਅਤੇ ਖੋਜ ਜਰਨਲ**

**(ISSN: 2584-0509)**

# ***ਖੋਜਨਾਮਾ***

***ਜਿਲਦ-4***

***ਅੰਕ-2* (ਮਈ-ਅਗਸਤ 2026)**

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਤਕਨੀਕੀ ਸਹਿਯੋਗ

ਪ੍ਰਦੀਪ ਸਿੰਘ

ਕੁਲਵਿੰਦਰ ਸਿੰਘ

# ਸੰਪਾਦਕੀ ਬੋਰਡ




**ਪ੍ਰੋ. ਨਾਬਿਲਾ ਰਹਿਮਾਨ**

ਸਾਬਕਾ ਵਾਇਸ ਚਾਂਸਲਰ, ਯੂਨੀਵਰਸਿਟੀ
ਆਫ ਝੰਗ ਅਤੇ ਡਾਇਰੈਕਟਰ,
ਇੰਸਟੀਚਿਊਟ ਆਫ ਪੰਜਾਬੀ ਐਂਡ
ਕਲਚਰਲ ਸਟੱਡੀ, ਯੂਨੀਵਰਸਿਟੀ ਆਫ
ਪੰਜਾਬ, ਲਾਹੌਰ, ਪਾਕਿਸਤਾਨ।



**ਰਵਿੰਦਰ ਰਵੀ**

ਪ੍ਰਸਿੱਧ ਪੰਜਾਬੀ ਬਹੁ-ਵਿਧਾਈ ਲੇਖਕ,
ਕੈਨੇਡਾ।



**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**

ਸਾਬਕਾ ਪ੍ਰੋਫ਼ੈਸਰ ਪੰਜਾਬੀ ਵਿਭਾਗ
ਅਤੇ ਡੀਨ ਭਾਸ਼ਾਵਾਂ,
ਪੰਜਾਬੀ ਯੂਨੀਵਰਸਿਟੀ
ਪਟਿਆਲਾ,ਪੰਜਾਬ, ਭਾਰਤ।



**ਸਾਬਰ ਅਲੀ ਸਾਬਰ**

ਪ੍ਰਸਿੱਧ ਪੰਜਾਬੀ ਸ਼ਾਇਰ
ਪਾਕਿਸਤਾਨ।



**ਪ੍ਰੋ. ਕੁਲਵੀਰ ਗੋਜਰਾ**

ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ।



**ਡਾ. ਸਿਕੰਦਰ ਸਿੰਘ**

ਮੁਖੀ, ਪੰਜਾਬੀ ਵਿਭਾਗ
ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ
ਫਤਿਹਗੜ੍ਹ ਸਹਿਬ, ਪੰਜਾਬ, ਭਾਰਤ।



**ਡਾ. ਸੰਦੀਪ ਸਿੰਘ**

ਮੁਖੀ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ, ਪੰਜਾਬ, ਭਾਰਤ।



**ਡਾ. ਸੋਮੀ ਰਾਮ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ
ਤਲਵੰਡੀ ਸਾਬੋ, ਪੰਜਾਬ, ਭਾਰਤ।



**ਡਾ. ਸਟਾਲਿਨਜੀਤ ਸਿੰਘ ਬਰਾੜ**

ਟੀਚਿੰਗ ਅਸਿਸਟੈਂਟ, ਖੇਤੀ ਪੱਤਰਕਾਰੀ,
ਭਾਸ਼ਾਵਾਂ ਅਤੇ ਸੱਭਿਆਚਾਰ ਵਿਭਾਗ
ਪੰਜਾਬ ਖੇਤੀਬਾੜੀ ਯੂਨੀਵਰਸਿਟੀ
ਲੁਧਿਆਣਾ, ਪੰਜਾਬ, ਭਾਰਤ।

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥

ਭਗਤ ਪੀਪਾ ਜੀ

© ਸਾਰੇ ਹੱਕ ਸੰਪਾਦਕ 'ਖੋਜਨਾਮਾ' ਕੋਲ ਰਾਖਵੇਂ ਹਨ।

ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।

ਅਦਾਰਾ 'ਖੋਜਨਾਮਾ' ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਕੀਮਤ:- ਤੁਹਾਡਾ ਸਹਿਯੋਗ, ਦੁਆਵਾਂ ਅਤੇ ਸੁਝਾਅ

www.khojnama.com
Khojnamapb03@gmail.com
+91 98776-61770

ਕਿਸੇ ਵੀ ਕਿਸਮ ਦਾ ਵਾਦ-ਵਿਵਾਦ ਸਿਰਫ਼ ਮਾਣਯੋਗ ਜ਼ਿਲ੍ਹਾ ਅਦਾਲਤ ਬਠਿੰਡਾ,
ਪੰਜਾਬ (ਭਾਰਤ) ਵਿਖੇ ਹੀ ਵਿਚਾਰਣਯੋਗ ਹੋਵੇਗਾ।

## ਤਤਕਰਾ


| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| ❖ | ਸੰਪਾਦਕੀ | ਡਾ. ਜਸਵਿੰਦਰ ਸਿੰਘ ਬਰਾੜ | i-v |
| | ਖੋਜ-ਪੱਤਰ | | |
| 1. | ਸਮਾਜਿਕ ਹੱਦਾਂ-ਸਰਹੱਦਾਂ ਤੋਂ ਪਾਰ ਦਾ ਬਿਰਤਾਂਤ: ਰੇਤ ਸਮਾਧੀ | ਡਾ. ਪਰਮੀਤ ਕੌਰ | 1-13 |
| 2. | 1946 ਦੀਆਂ ਪੰਜਾਬ ਅਸੈਂਬਲੀ ਚੋਣਾਂ ਦਾ ਪੁਨਰ ਅਧਿਐਨ: ਚੋਣ ਮਨੋਰਥ ਪੱਤਰ, ਨਤੀਜੇ, ਗਠਨ ਅਤੇ ਵਿਘਟਨ | ਡਾ. ਕੰਵਲਜੀਤ ਕੌਰ | 14-30 |
| 3. | ਸ਼ੈਲੀ ਵਿਗਿਆਨ: ਸਿਧਾਂਤਕ ਪਰਿਪੇਖ | ਡਾ. ਸੋਨਾ | 31-43 |
| 4. | ਪਾਠ ਸਿਧਾਂਤ ਚਿੰਤਨ: ਭਾਸ਼ਾ ਵਿਗਿਆਨਕ ਪਰਿਪੇਖ | ਡਾ. ਸੁਖਮਨਪ੍ਰੀਤ ਕੌਰ<br>ਪ੍ਰੋ .ਰਮਨਪ੍ਰੀਤ ਕੌਰ | 44-66 |
| 5. | ਪੰਜਾਬੀ ਨਾਟ-ਆਲੋਚਨਾ ਦੇ ਸਿਧਾਂਤਕ ਪਸਾਰ | ਹਰਪ੍ਰੀਤ ਕੌਰ<br>ਡਾ. ਭੀਮ ਇੰਦਰ ਸਿੰਘ | 67-86 |
| 6. | ਬਲਦੇਵ ਸਿੰਘ ਰਚਿਤ ਨਾਵਲ ‘ਸਤਲੁਜ ਵਹਿੰਦਾ ਰਿਹਾ’: ਵਿਚਾਰਧਾਰਕ ਅਧਿਐਨ | ਡਾ. ਮਨਪ੍ਰੀਤ ਕੌਰ | 87-103 |
| 7. | ਭਾਰਤੀ ਮਿਥਿਹਾਸ ਵਿੱਚ ਕੁਈਰ ਹੋਂਦ ਦੇ ਅੰਸ਼ | ਨਵਨੀਤ ਕੌਰ | 104-126 |
| 8. | ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਵਿਸ਼ੇਗਤ ਪਰਿਪੇਖ | ਹਰਵਿੰਦਰ ਸਿੰਘ | 127-140 |
| 9. | ਸੁਰਿੰਦਰ ਗੀਤ ਰਚਿਤ ਕਹਾਣੀ ਸੰਗ੍ਰਹਿ 'ਰੰਗਾਂ ਦੀ ਖੇਡ': ਸਰੋਕਾਰਕ ਅਧਿਐਨ | ਡਾ. ਗੁਰਦੀਪ ਸਿੰਘ ਭੁੱਲਰ | 141-146 |
| 10. | ਵਿਲੀਅਮ ਲੈਬੋਵ ਦਾ ਜੀਵਨ ਅਤੇ ਸਮਾਜ-ਭਾਸ਼ਾ ਵਿਗਿਆਨ ਦੇ ਅਧਾਰ | ਕਰਮਜੀਤ ਕੌਰ | 147-157 |
| 11. | 16ਵੀਂ ਸਦੀ ਦੀ ਪੰਜਾਬੀ ਵਾਰਤਕ ਦਾ ਭਾਸ਼ਾਈ ਅਧਿਐਨ | ਡਾ. ਨਵਜੋਤ ਕੌਰ | 158-166 |
| | ਸਾਹਿਤ | | |
| 12. | ਨਿਵੇਕਲਾ ਤੇ ਹਰਮਨ ਪਿਆਰਾ ਫਨਕਾਰ:ਨਿਰਵੈਰ ਪਨੂੰ | ਨਿੰਦਰ ਘੁਗਿਆਣਵੀ | 167-171 |
| 13. | ਕਹਾਣੀ:- ਰਾਹ ਕੋਈ ਹੋਰ ਵੀ ਹੋਣੈ | ਅਤਰਜੀਤ | 172-187 |
| 14. | ਕਵਿਤਾਵਾਂ | ਸੁਰਿੰਦਰ ਗੀਤ | 188-192 |

| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| ਅਨੁਵਾਦਿਤ ਸਾਹਿਤ | | | |
| 15. | ਕਹਾਣੀ:-ਪ੍ਰੇਤ | ਮੂਲ ਲੇਖਕ<br>ਅਸ਼ੋਕ ਸਕਸੈਨਾ<br>ਅਨੁਵਾਦਕ<br>ਪ੍ਰੋ. ਨਵ ਸੰਗੀਤ ਸਿੰਘ | 193-208 |
| ਪੁਸਤਕ ਸਮੀਖਿਆ | | | |
| 16. | ਕਰਨੈਲ ਸਿੰਘ ਪਾਰਸ (ਰਾਮੂਵਾਲੀਆ) ਦੀ ਦਬੰਗਮਈ ਸ਼ਖ਼ਸੀਅਤ ਦਾ ਦਰਪਣ: "ਕਰਨੈਲ ਸਿੰਘ ਪਾਰਸ ਜੀਵਨ ਤੇ ਰਚਨਾ" | ਸਮੀਖਿਅਕ<br>ਪ੍ਰਿੰ. ਕਿਸ਼ਨ ਸਿੰਘ | 209-220 |
| 17. | ਲੇਖਕ-ਚੇਤਨਾ ਦਾ ਦਸਤਾਵੇਜ਼: 'ਮੈਂ ਕਿਉਂ ਲਿਖਦਾ ਹਾਂ' | ਰਵਿੰਦਰ ਸਿੰਘ ਸੋਢੀ | 221-231 |
| ਨਵੀਆਂ ਪੁਸਤਕਾਂ | | | |

# ਸੰਪਾਦਕੀ

ਸਾਹਿਤ ਕਿਸੇ ਵੀ ਸਮਾਜ ਦੀ ਚੇਤਨਾ, ਸੰਵੇਦਨਾ ਅਤੇ ਬੌਧਿਕ ਵਿਕਾਸ ਦਾ ਮਹੱਤਵਪੂਰਨ ਆਧਾਰ ਹੁੰਦਾ ਹੈ। ਇਹ ਕੇਵਲ ਮਨੁੱਖੀ ਅਨੁਭਵਾਂ ਦੀ ਕਲਾਤਮਕ ਅਭਿਵਿਅਕਤੀ ਨਹੀਂ, ਸਗੋਂ ਸਮਾਜਿਕ ਯਥਾਰਥ ਦੀ ਪਛਾਣ ਕਰਨ, ਇਤਿਹਾਸਕ ਪ੍ਰਸਥਿਤੀਆਂ ਨੂੰ ਸਮਝਣ ਅਤੇ ਭਵਿੱਖ ਦੇ ਸੰਭਾਵੀ ਮਾਰਗਾਂ ਦੀ ਨਿਸ਼ਾਨਦੇਹੀ ਕਰਨ ਦਾ ਵੀ ਇੱਕ ਸਮਰੱਥ ਮਾਧਿਅਮ ਹੁੰਦਾ ਹੈ। ਸਾਹਿਤਕ ਰਚਨਾ ਮਨੁੱਖ ਨੂੰ ਆਪਣੇ ਸਮੇਂ ਅਤੇ ਸਮਾਜ ਨਾਲ ਜੋੜਦੀ ਹੈ, ਜਦੋਂ ਕਿ ਖੋਜ ਉਸ ਦੀ ਚੇਤਨਾ ਨੂੰ ਤਰਕ, ਤੱਥ ਅਤੇ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਇਸੇ ਤਰ੍ਹਾਂ ਅਨੁਵਾਦ ਵੱਖ-ਵੱਖ ਭਾਸ਼ਾਵਾਂ ਅਤੇ ਸੱਭਿਆਚਾਰਾਂ ਵਿਚਕਾਰ ਸੰਵਾਦ ਦੇ ਪੁਲ ਉਸਾਰਦਾ ਹੈ ਅਤੇ ਪੁਸਤਕ ਸਮੀਖਿਆ ਪਾਠਕ ਨੂੰ ਰਚਨਾ ਦੇ ਅੰਦਰਲੇ ਅਰਥਾਂ, ਵਿਚਾਰਧਾਰਕ ਪਾਸਾਰਾਂ ਅਤੇ ਸਾਹਿਤਕ ਮਹੱਤਵ ਨਾਲ ਜਾਣੂ ਕਰਵਾਉਂਦੀ ਹੈ। ਇਨ੍ਹਾਂ ਸਭ ਗੁਣਾਂ ਨਾਲ ਲਿਬਰੇਜ਼ 'ਖੋਜਨਾਮਾ' ਦਾ ਮਈ-ਅਗਸਤ 2026 ਅੰਕ ਤੁਹਾਡੇ ਹੱਥਾਂ ਵਿੱਚ ਹੈ। ਬੇਸ਼ੱਕ ਇਹ ਅੰਕ ਆਪਣੇ ਨਿਰਧਾਰਿਤ ਸਮੇਂ ਤੋਂ ਦੇਰੀ ਨਾਲ ਛਪ ਰਿਹਾ ਹੈ, ਪਰੰਤੂ ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਇਸ ਅੰਕ ਵਿੱਚ ਸ਼ਾਮਿਲ ਸਮੱਗਰੀ ਪਾਠਕਾਂ ਦੇ ਇਸ ਗਿਲੇ ਨੂੰ ਜਰੂਰ ਦੂਰ ਕਰੇਗੀ ਕਿ ਇਹ ਅੰਕ ਦੇਰੀ ਨਾਲ ਕਿਉਂ ਛਪਿਆ? ਇਸ ਅੰਕ ਵਿੱਚ ਇਤਿਹਾਸ, ਮਿਥਿਹਾਸ, ਭਾਸ਼ਾ-ਵਿਗਿਆਨ, ਸਾਹਿਤ-ਚਿੰਤਨ, ਨਾਵਲ-ਅਧਿਐਨ, ਕਵਿਤਾ, ਅਨੁਵਾਦ ਅਤੇ ਪੁਸਤਕ ਸਮੀਖਿਆ ਨਾਲ ਸਬੰਧਿਤ ਵਿਭਿੰਨ ਵਿਸ਼ਿਆਂ ਨੂੰ ਸਥਾਨ ਦਿੱਤਾ ਗਿਆ ਹੈ। ਇਸ ਅੰਕ ਦੀ ਸਮੱਗਰੀ ਦਾ ਮਹੱਤਵ ਇਸ ਗੱਲ ਵਿੱਚ ਹੈ ਕਿ ਇਹ ਸਾਹਿਤ ਨੂੰ ਕਿਸੇ ਇੱਕ ਵਿਧਾ, ਭਾਸ਼ਾ ਜਾਂ ਵਿਚਾਰਧਾਰਾ ਤੱਕ ਸੀਮਤ ਨਹੀਂ ਕਰਦੀ, ਸਗੋਂ ਇਸ ਨੂੰ ਬਹੁ-ਪੱਖੀ ਅਧਿਐਨ ਅਤੇ ਸੰਵਾਦ ਦੇ ਖੁੱਲ੍ਹੇ ਖੇਤਰ ਵਜੋਂ ਗ੍ਰਹਿਣ ਕਰਦੀ ਹੈ।

ਇਸ ਅੰਕ ਦੇ ਪਹਿਲੇ ਹਿੱਸੇ ਵਿੱਚ ਗਿਆਰਾਂ ਖੋਜ ਪੱਤਰ ਸ਼ਾਮਿਲ ਕੀਤੇ ਗਏ ਹਨ, ਪਹਿਲਾ ਖੋਜ ਪੱਤਰ ਡਾ. ਪਰਮੀਤ ਕੌਰ ਦਾ ਹੈ। ਉਸਨੇ ਗੀਤਾਂਜਲੀ ਸ੍ਰੀ ਦੇ ਨਾਵਲ 'ਰੇਤ ਸਮਾਧੀ' (ਜਿਸ ਦੇ ਅੰਗਰੇਜ਼ੀ ਅਨੁਵਾਦ 'ਟੌਂਬ ਆਫ਼ ਸੈਂਡ' ਨੂੰ 2022 ਦਾ ਅੰਤਰਰਾਸ਼ਟਰੀ ਬੁਕਰ ਪੁਰਸਕਾਰ ਮਿਲਿਆ) ਨੂੰ ਸਮਾਜਿਕ ਹੱਦਾਂ-ਸਰਹੱਦਾਂ ਤੋਂ ਪਾਰ ਦੇ ਬਿਰਤਾਂਤ ਵਜੋਂ ਪੇਸ਼ ਕੀਤਾ ਹੈ। ਖੋਜ ਪਰਚੇ ਵਿੱਚ ਅੱਸੀ ਸਾਲਾ ਮਾਂ ਦੀ ਕਹਾਣੀ ਨੂੰ ਬੁਢਾਪੇ ਦੇ ਅੰਤ ਵਜੋਂ ਨਹੀਂ, ਸਗੋਂ ਨਵੀਂ ਸ਼ੁਰੂਆਤ ਵਜੋਂ ਸਮਝਿਆ ਗਿਆ ਹੈ ਅਤੇ ਨਾਰੀਵਾਦੀ ਸਰੋਕਾਰ, ਲਿੰਗ-

ਅਸਮਾਨਤਾ, ਤੀਜੇ ਲਿੰਗ ਅਤੇ ਸਮਲਿੰਗੀ ਸੰਬੰਧਾਂ ਦੇ ਨਾਲ-ਨਾਲ 1947 ਦੀ ਵੰਡ ਨੂੰ ਸਿਆਸੀ ਦ੍ਰਿਸ਼ਟੀ ਦੀ ਥਾਂ ਨਿੱਜੀ ਅਤੇ ਭਾਵਨਾਤਮਕ ਪੱਧਰ ’ਤੇ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਡਾ. ਕੰਵਲਜੀਤ ਕੌਰ ਦਾ ਪਰਚਾ 1946 ਦੀਆਂ ਪੰਜਾਬ ਅਸੈਂਬਲੀ ਚੋਣਾਂ ਦਾ ਪੁਨਰ-ਅਧਿਐਨ ਕਰਦਾ ਹੈ, ਜਿਸ ਵਿੱਚ ਕਾਂਗਰਸ, ਮੁਸਲਿਮ ਲੀਗ, ਅਕਾਲੀ ਦਲ ਅਤੇ ਹੋਰ ਧਿਰਾਂ ਦੇ ਚੋਣ-ਮਨੋਰਥ ਪੱਤਰ, ਨਤੀਜਿਆਂ, ਗੱਠਜੋੜ ਸਰਕਾਰ ਦੇ ਗਠਨ ਅਤੇ ਉਸ ਦੇ ਵਿਘਟਨ ਆਦਿ ਨੂੰ ਨੇੜੇ ਤੋਂ ਵੇਖਿਆ-ਪਰਖਿਆ ਅਤੇ ਸਮਝਿਆ ਗਿਆ ਹੈ। ਡਾ. ਸੋਨਾ ਦਾ ਖੋਜ ਪਰਚਾ ‘ਸ਼ੈਲੀ ਵਿਗਿਆਨ: ਸਿਧਾਂਤਕ ਪਰਿਪੇਖ’ ਸ਼ੈਲੀ ਨੂੰ ਭਾਸ਼ਾ-ਵਿਗਿਆਨ ਦੀ ਮਦਦ ਨਾਲ ਸਮਝਾਉਂਦਿਆਂ ਵਿਚਲਨ ਅਤੇ ਵਿਪਥਨ ਵਰਗੀਆਂ ਧਾਰਨਾਵਾਂ ਦੀ ਵਿਆਖਿਆ ਕਰਦਾ ਹੈ। ਇਸੇ ਲੜੀ ਵਿੱਚ ਡਾ. ਸੁਖਮਨਪ੍ਰੀਤ ਕੌਰ ਅਤੇ ਪ੍ਰੋ. ਰਮਨਪ੍ਰੀਤ ਕੌਰ ਦਾ ਸਾਂਝਾ ਖੋਜ ਪਰਚਾ ‘ਪਾਠ ਸਿਧਾਂਤ ਚਿੰਤਨ: ਭਾਸ਼ਾ ਵਿਗਿਆਨਕ ਪਰਿਪੇਖ’ ਪਾਠ ਨੂੰ ਇੱਕ ਸੰਚਾਰ-ਇਕਾਈ ਵਜੋਂ ਵੇਖਦਿਆਂ ਲੋਤਮਾਨ, ਕ੍ਰਿਸਤੇਵਾ ਅਤੇ ਦੇਰਿਦਾ ਦੇ ਵਿਚਾਰਾਂ ਨਾਲ ਸੰਵਾਦ ਰਚਾਉਂਦਾ ਹੈ। ਹਰਪ੍ਰੀਤ ਕੌਰ ਅਤੇ ਡਾ. ਭੀਮਇੰਦਰ ਸਿੰਘ ਦੁਆਰਾ ਸਾਂਝੇ ਤੌਰ ‘ਤੇ ਲਿਖਿਆ ਗਿਆ ਖੋਜ ਪਰਚਾ ‘ਪੰਜਾਬੀ ਨਾਟ-ਆਲੋਚਨਾ ਦੇ ਸਿਧਾਂਤਕ ਪਸਾਰ’ ਨਾਟ ਖੇਤਰ ਦੀ ਇਤਿਹਾਸਕ ਪੜਚੋਲ ਕਰਦਾ ਹੈ। ਇਸ ਪਰਚੇ ਵਿੱਚ ਨਾਟਕ ਦੇ ਸਿਧਾਂਤਕ ਚਰਚੇ ਦੀ ਸ਼ੁਰੂਆਤ ਬਾਬਾ ਬੁੱਧ ਸਿੰਘ ਦੇ ਨਾਟਕ ‘ਮੁੰਦਰੀ ਛਲ’ (1927) ਤੱਕ ਪਿੱਛੇ ਜਾਂਦੀ ਹੋਈ ਹੌਲੀ-ਹੌਲੀ ਲਿਖਤ-ਪਾਠ ਤੋਂ ਰੰਗਮੰਚੀ ਪੇਸ਼ਕਾਰੀ ਵੱਲ ਵਧੀ ਹੈ। ਮਨਪ੍ਰੀਤ ਕੌਰ ਦਾ ਪੇਪਰ ਬਲਦੇਵ ਸਿੰਘ ਸੜਕਨਾਮਾ ਦੇ ਨਾਵਲ ‘ਸਤਲੁਜ ਵਹਿੰਦਾ ਰਿਹਾ’ ਦਾ ਵਿਚਾਰਧਾਰਕ ਅਧਿਐਨ ਹੈ, ਜਿਸ ਵਿੱਚ ਭਗਤ ਸਿੰਘ ਦੀ ਵਿਚਾਰਧਾਰਕ ਉਸਾਰੀ ਅਤੇ ਉਸ ਦੇ ਪਿੱਛੇ ਕੰਮ ਕਰਦੀਆਂ ਪ੍ਰਸਥਿਤੀਆਂ ਨੂੰ ਘੋਖਿਆ, ਪਰਖਿਆ ਅਤੇ ਸਮਝਿਆ ਗਿਆ ਹੈ। ਨਵਨੀਤ ਕੌਰ ਦਾ ਪਰਚਾ ‘ਭਾਰਤੀ ਮਿਥਿਹਾਸ ਵਿੱਚ ਕੁਈਰ ਹੋਂਦ ਦੇ ਅੰਸ਼’ ਮਹਾਂਭਾਰਤ ਅਤੇ ਪੁਰਾਣਾਂ ਦੇ ਪਾਤਰਾਂ ਦੇ ਹਵਾਲੇ ਨਾਲ ਦਿਖਾਉਂਦਾ ਹੈ ਕਿ ਕੁਈਰ ਪਛਾਣ ਕੇਵਲ ਆਧੁਨਿਕ ਵਰਤਾਰਾ ਨਹੀਂ, ਸਗੋਂ ਸਾਡੀ ਮਿਥਿਹਾਸਕ ਵਿਰਾਸਤ ਦਾ ਵੀ ਹਿੱਸਾ ਰਹੀ ਹੈ। ਇਹ ਪੇਪਰ ਪੰਜਾਬੀ ਖੋਜ ਵਿੱਚ ਇੱਕ ਨਵੇਂ ਵਿਸ਼ੇ ਦਾ ਦਰਵਾਜ਼ਾ ਖੋਲ੍ਹਦਾ ਹੈ। ਹਰਵਿੰਦਰ ਸਿੰਘ ਦਾ ਪੇਪਰ ਗੁਰਸ਼ਰਨ ਸਿੰਘ ਦੇ ਨਾਟਕਾਂ ਨੂੰ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਸ਼ਿਆਂ ਦੇ ਪ੍ਰਸੰਗ ਵਿੱਚ ਵੇਖਦਾ ਹੈ ਅਤੇ

'ਘੁੰਮਣਘੇਰੀ', 'ਆਤਮਾ ਵਿਕਾਊ ਹੈ' ਤੇ 'ਹਵਾਈ ਗੋਲੇ' ਵਰਗੇ ਨਾਟਕਾਂ ਰਾਹੀਂ ਇਸ ਤੱਥ ਨੂੰ ਉਭਾਰਦਾ ਹੈ ਕਿ ਉਨ੍ਹਾਂ ਲਈ ਕਲਾ ਦੇ ਅਰਥ, ਕਲਾ, ਕਲਾ ਲਈ ਨਾ ਹੋ ਕੇ ਸਗੋਂ ਕਲਾ, ਸਮਾਜ ਲਈ ਵਜੋਂ ਸਨ। ਡਾ. ਗੁਰਦੀਪ ਸਿੰਘ ਭੁੱਲਰ ਦਾ ਪਰਚਾ ਸੁਰਿੰਦਰ ਗੀਤ ਦੇ ਕਹਾਣੀ-ਸੰਗ੍ਰਹਿ 'ਰੰਗਾਂ ਦੀ ਖੇਡ' ਨੂੰ ਪਰਵਾਸੀ ਜੀਵਨ ਦੇ ਸੰਕਟਾਂ, ਨਸਲੀ ਵਿਤਕਰੇ, ਸੱਭਿਆਚਾਰਕ ਟਕਰਾਅ, ਬਜ਼ੁਰਗਾਂ ਦੇ ਦੁਖਾਂਤ ਅਤੇ ਟੁੱਟਦੇ ਰਿਸ਼ਤਿਆਂ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕਰਦਾ ਹੈ। ਕਰਮਜੀਤ ਕੌਰ ਦਾ ਪਰਚਾ ਆਧੁਨਿਕ ਸਮਾਜ-ਭਾਸ਼ਾ ਵਿਗਿਆਨ ਦੇ ਬਾਨੀ ਵਿਲੀਅਮ ਲੈਬੋਵ ਦੇ ਜੀਵਨ ਅਤੇ ਯੋਗਦਾਨ ਨੂੰ ਪੇਸ਼ ਕਰਦਾ ਹੈ। ਨਿਊਯਾਰਕ ਦੇ ਡਿਪਾਰਟਮੈਂਟ ਸਟੋਰਾਂ ਵਾਲਾ ਉਨ੍ਹਾਂ ਦਾ ਅਧਿਐਨ ਦਰਸਾਉਂਦਾ ਹੈ ਕਿ ਭਾਸ਼ਾਈ ਵਖਰੇਵੇਂ ਬੇਤਰਤੀਬ ਨਹੀਂ, ਸਗੋਂ ਸਮਾਜਿਕ ਵਰਗ ਅਤੇ ਪਛਾਣ ਨਾਲ ਜੁੜੇ ਹੁੰਦੇ ਹਨ। ਡਾ. ਨਵਜੋਤ ਕੌਰ ਦਾ ਪਰਚਾ 'ਪੁਰਾਤਨ ਜਨਮਸਾਖੀ' ਨੂੰ ਆਧਾਰ ਬਣਾ ਕੇ 16ਵੀਂ ਸਦੀ ਦੀ ਪੰਜਾਬੀ ਵਾਰਤਕ ਦੇ ਭਾਸ਼ਾਈ ਰੂਪ ਦੀ ਪੜਚੋਲ ਕਰਦਾ ਹੈ ਅਤੇ ਇਸ ਰਚਨਾ ਨੂੰ ਪੰਜਾਬੀ ਵਾਰਤਕ ਦੀ ਆਧਾਰਸ਼ਿਲਾ ਵਜੋਂ ਸਥਾਪਿਤ ਕਰਨ ਦਾ ਯਤਨ ਕਰਦਾ ਹੈ।

ਇਸ ਅੰਕ ਦੇ ਦੂਜਾ ਹਿੱਸੇ ਵਿੱਚ ਰਚਨਾਤਮਕ ਸਾਹਿਤ ਨੂੰ ਸ਼ਾਮਿਲ ਕੀਤਾ ਗਿਆ ਹੈ। ਪੰਜਾਬੀ ਦੇ ਸਮਰੱਥ ਲੇਖਕ ਨਿੰਦਰ ਘੁਗਿਆਣਵੀ ਦਾ ਲੇਖ ਗਾਇਕ ਅਤੇ ਗੀਤਕਾਰ ਨਿਰਵੈਰ ਪੰਨੂੰ ਨੂੰ ਪੰਜਾਬੀ ਗਾਇਕੀ ਅਤੇ ਗੀਤਕਾਰੀ ਦੇ ਇੱਕ ਨਵੇਂ ਹਸਤਾਖ਼ਰ ਵਜੋਂ ਸਥਾਪਿਤ ਕਰਦਾ ਹੋਇਆ ਉਸਦੀ ਸਖ਼ਸ਼ੀਅਤ ਅਤੇ ਰਚਨਾ ਪ੍ਰਕਿਰਿਆ ਬਾਰੇ ਚਰਚਾ ਕਰਦਾ ਹੈ। ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਅਤਰਜੀਤ ਦੀ ਕਹਾਣੀ 'ਰਾਹ ਕੋਈ ਹੋਰ ਵੀ ਹੋਣੈ' ਧਰਮ, ਵਿਸ਼ਵਾਸ ਅਤੇ ਮਨੋਦਸ਼ਾ ਦੇ ਗੁੰਝਲਦਾਰ ਰਿਸ਼ਤੇ ਨੂੰ ਛੂੰਹਦੀ ਹੈ। ਜੀਤੀ ਨਾਂ ਦੀ ਕੁੜੀ ਦੀ ਅਰਦਾਸ, ਅੱਥਰੂ ਅਤੇ ਸਿੰਘ ਮੁੰਡੇ ਦੀ ਤਾਂਘ ਇੱਕ ਪਾਸੇ ਆਸਥਾ ਦੀ ਤੀਬਰਤਾ ਦਿਖਾਉਂਦੀ ਹੈ, ਦੂਜੇ ਪਾਸੇ ਮਾਪਿਆਂ ਦੀ ਬੇਚੈਨੀ ਅਤੇ ਸਮਾਜਿਕ ਨਿਗਾਹ ਨੂੰ ਵੀ ਉਜਾਗਰ ਕਰਦੀ ਹੈ। ਕਹਾਣੀ ਦਾ ਅੰਤ ਪਾਠਕ ਨੂੰ ਚੁੱਪਚਾਪ ਸੋਚਣ ਲਈ ਛੱਡ ਦਿੰਦਾ ਹੈ ਕਿ ਹਰ ਸੰਕਟ ਦਾ ਹੱਲ ਇੱਕੋ ਰਾਹ ਨਹੀਂ ਹੁੰਦਾ। ਸੁਰਿੰਦਰ ਗੀਤ ਦੀਆਂ ਚਾਰ ਕਵਿਤਾਵਾਂ—'ਬਾਹਾਂ', 'ਪਤਾ ਸੀ...', 'ਨਾ ਮੈਂ ਹੱਸਾਂ...' ਅਤੇ 'ਐ ਕਵੀ'—ਪਿਆਰ, ਪਿਤਾ ਨਾਲ ਰਿਸ਼ਤੇ, ਜਮਾਤੀ ਵਿੱਥ ਅਤੇ ਕਵੀ ਦੀ ਆਪਣੀ ਹੋਂਦ ਦੇ ਸਵਾਲਾਂ ਨਾਲ ਸੰਵਾਦ ਰਚਾਉਂਦੀਆਂ ਹਨ। ਇਨ੍ਹਾਂ ਵਿੱਚ ਕਵਿਤਾ ਨੂੰ ਪ੍ਰਤੀਰੋਧ ਅਤੇ ਸਵੈ-ਮਾਣ ਦੇ ਪ੍ਰਗਟਾਵੇ ਵਜੋਂ ਵੇਖਿਆ ਗਿਆ ਹੈ,

ਅਤੇ ਸਰਲ ਬੋਲੀ ਵਿੱਚ ਡੂੰਘਾ ਧੁਰ ਦਿਲ ਤੱਕ ਉੱਤਰ ਜਾਣ ਵਾਲਾ ਸੰਵਾਦ ਰਚਾਇਆ ਗਿਆ ਹੈ।

ਇਸ ਅੰਕ ਦੇ ਤੀਜੇ ਭਾਗ ਵਿੱਚ ਅਨੁਵਾਦਿਤ ਸਾਹਿਤ ਵਜੋਂ ਹਿੰਦੀ ਮੂਲ ਦੀ ਕਹਾਣੀ 'ਪ੍ਰੇਤ' ਨੂੰ ਸ਼ਾਮਿਲ ਕੀਤਾ ਗਿਆ ਹੈ। ਅਨੁਵਾਦ ਕਿਸੇ ਭਾਸ਼ਾ ਦੀ ਉਹ ਖਿੜਕੀ ਹੁੰਦਾ ਹੈ, ਜਿਸ ਰਾਹੀਂ ਦੂਜੀਆਂ ਭਾਸ਼ਾਵਾਂ ਦੀ ਹਵਾ ਅੰਦਰ ਆਉਂਦੀ ਹੈ। ਇਸ ਅੰਕ ਵਿੱਚ ਸ਼ਾਮਿਲ ਅਸ਼ੋਕ ਸਕਸੈਨਾ ਦੀ ਹਿੰਦੀ ਕਹਾਣੀ 'ਪ੍ਰੇਤ' ਦਾ ਪੰਜਾਬੀ ਅਨੁਵਾਦ ਪ੍ਰੋ. ਨਵ ਸੰਗੀਤ ਸਿੰਘ ਨੇ ਕੀਤਾ ਹੈ। ਕਹਾਣੀ ਮੀਂਹ ਭਿੱਜੀ ਇੱਕ ਸ਼ਾਮ ਤੋਂ ਸ਼ੁਰੂ ਹੁੰਦੀ ਹੈ, ਜਿੱਥੇ ਆਗਰੇ ਤੋਂ ਆਈ ਤਾਰ ਪਿਤਾ ਦੀ ਮੌਤ ਦੀ ਖ਼ਬਰ ਲੈ ਕੇ ਆਉਂਦੀ ਹੈ ਅਤੇ ਅਖ਼ਬਾਰ ਦੀਆਂ ਹਿੰਸਕ ਸੁਰਖ਼ੀਆਂ ਦੇ ਪਿਛੋਕੜ ਵਿੱਚ ਇੱਕ ਨਿੱਜੀ ਘਾਟੇ ਦੀ ਪਰਛਾਈਂ ਗੂੜ੍ਹੀ ਹੁੰਦੀ ਜਾਂਦੀ ਹੈ। ਅਨੁਵਾਦ ਦੀ ਭਾਸ਼ਾ ਪੰਜਾਬੀ ਪਾਠਕ ਨੂੰ ਓਪਰੀ ਨਹੀਂ ਲੱਗਦੀ, ਜੋ ਅਨੁਵਾਦਕ ਦੀ ਕਾਮਯਾਬੀ ਹੈ। ਅਸੀਂ ਚਾਹੁੰਦੇ ਹਾਂ ਕਿ ਆਉਣ ਵਾਲੇ ਅੰਕਾਂ ਵਿੱਚ ਹਿੰਦੀ ਤੋਂ ਇਲਾਵਾ ਉਰਦੂ, ਬੰਗਲਾ, ਮਰਾਠੀ ਅਤੇ ਵਿਸ਼ਵ ਸਾਹਿਤ ਦੇ ਅਨੁਵਾਦ ਵੀ ਥਾਂ ਪਾਉਣ, ਤਾਂ ਜੋ ਪੰਜਾਬੀ ਸਾਹਿਤ ਦਾ ਸੰਸਾਰ ਹੋਰ ਵਿਸ਼ਾਲ ਹੋ ਸਕੇ।

ਇਸ ਅੰਕ ਦੇ ਅੰਤਿਮ ਭਾਗ ਵਿੱਚ ਪੁਸਤਕ ਸਮੀਖਿਆ ਨੂੰ ਸ਼ਾਮਿਲ ਕੀਤਾ ਗਿਆ ਹੈ। ਪ੍ਰਿੰ. ਕਿਸ਼ਨ ਸਿੰਘ ਦੁਆਰਾ ਪੰਜਾਬੀ ਦੇ ਪ੍ਰਸਿੱਧ ਲੇਖਕ ਨਿੰਦਰ ਘੁਗਿਆਣਵੀ ਦੀ ਪੁਸਤਕ 'ਕਰਨੈਲ ਸਿੰਘ ਪਾਰਸ ਜੀਵਨ ਤੇ ਰਚਨਾ' ਦੀ ਸਮੀਖਿਆ ਕੀਤੀ ਗਈ ਹੈ। ਇਸ ਪੁਸਤਕ ਵਿੱਚ ਲੋਕ-ਕਵੀ ਕਰਨੈਲ ਸਿੰਘ ਪਾਰਸ (ਰਾਮੂਵਾਲੀਆ) ਦੀ ਦਬੰਗ ਸ਼ਖ਼ਸੀਅਤ ਅਤੇ ਰਚਨਾ ਨੂੰ ਸ਼ਾਮਿਲ ਕੀਤਾ ਗਿਆ ਹੈ। ਇਹ ਪੁਸਤਕ ਇਸ ਗੱਲ ਦਾ ਪ੍ਰਮਾਣ ਹੈ ਕਿ ਕਿਵੇਂ ਪੰਜਾਬੀ ਸਭਿਆਚਾਰ ਦੀ ਪਰੰਪਰਾ ਪਿੰਡਾਂ ਦੇ ਅਖਾੜਿਆਂ, ਸਟੇਜਾਂ ਅਤੇ ਲੋਕ-ਮਨ ਵਿੱਚ ਉਪਜਦੀ ਅਤੇ ਜਿਉਂਦੀ ਹੈ। ਰਵਿੰਦਰ ਸਿੰਘ ਸੋਢੀ (ਕੈਲਗਰੀ, ਕੈਨੇਡਾ) ਨੇ ਸੁਖਿੰਦਰ ਦੁਆਰਾ ਸੰਪਾਦਿਤ ਪੁਸਤਕ 'ਮੈਂ ਕਿਉਂ ਲਿਖਦਾ ਹਾਂ' ਦੀ ਸਮੀਖਿਆ ਕੀਤੀ ਹੈ। ਸਮੀਖਿਆਕਾਰ ਅਨੁਸਾਰ ਬਹੱਤਰ ਲੇਖਕਾਂ ਨੂੰ ਇਕੱਠਾ ਕਰਨ ਵਾਲੀ ਇਹ ਪੁਸਤਕ ਭਾਰਤ ਦੇ ਨਾਲ-ਨਾਲ ਕੈਨੇਡਾ, ਅਮਰੀਕਾ, ਇੰਗਲੈਂਡ, ਜਰਮਨੀ, ਇਟਲੀ, ਗਰੀਸ ਅਤੇ ਆਸਟਰੇਲੀਆ ਵਿੱਚ ਵੱਸਦੇ ਪੰਜਾਬੀ ਲੇਖਕਾਂ ਦੀ ਸਿਰਜਣ-ਚੇਤਨਾ ਨੂੰ ਇੱਕ ਮੰਚ 'ਤੇ ਲਿਆਉਂਦੀ ਹੈ। ਸਮੀਖਿਅਕ ਦਾ ਨਿਰਣਾ ਹੈ ਕਿ ਆਮ ਤੌਰ 'ਤੇ ਲੇਖਕ ਦਾ ਮੁਲਾਂਕਣ

ਆਲੋਚਕ ਕਰਦਾ ਹੈ, ਪਰ ਇੱਥੇ ਲੇਖਕ ਆਪਣੇ ਸਰੋਤਾਂ, ਪ੍ਰੇਰਨਾਵਾਂ ਅਤੇ ਸੰਘਰਸ਼ਾਂ ਬਾਰੇ ਆਪ ਬੋਲਦੇ ਹਨ, ਇਸ ਲਈ ਇਹ ਪੁਸਤਕ ਖੋਜਾਰਥੀਆਂ ਲਈ ਵੀ ਕੀਮਤੀ ਸਰੋਤ ਬਣ ਜਾਂਦੀ ਹੈ।

ਬਤੌਰ ਸੰਪਾਦਕ ਖੋਜਨਾਮਾ ਦੀ ਸਮੁੱਚੀ ਟੀਮ ਨੂੰ ਜਿੱਥੇ ਮੈਂ ਇਸ ਅੰਕ ਲਈ ਵਧਾਈ ਦਿੰਦਾ ਹਾਂ, ਉੱਥੇ ਹੀ ਖੋਜਨਾਮਾ ਦੇ ਇਸ ਅੰਕ ਵਿੱਚ ਸ਼ਾਮਿਲ ਵਿਦਵਾਨਾਂ, ਖੋਜਾਰਥੀਆਂ, ਆਲੋਚਕਾਂ ਅਤੇ ਸਾਹਿਤਕਾਰਾਂ ਦਾ ਮੈਂ ਦਿਲੋਂ ਰਿਣੀ ਹਾਂ ਜਿੰਨ੍ਹਾਂ ਦੇ ਸਹਿਯੋਗ ਸਦਕਾ ਅਸੀਂ ਇਹ ਬੇਹੱਦ ਖ਼ੂਬਸੂਰਤ ਗੁਲਦਸਤਾ ਆਪਣੇ ਪਾਠਕਾਂ ਦੀ ਝੋਲੀ ਵਿੱਚ ਪਾ ਰਹੇ ਹਾਂ। ਜਿੰਨ੍ਹਾਂ ਸਖ਼ਸ਼ੀਅਤਾਂ ਦੀਆਂ ਲਿਖਤਾਂ ਨੂੰ ਅਸੀਂ ਇਸ ਅੰਕ ਵਿੱਚ ਸ਼ਾਮਿਲ ਨਹੀਂ ਕਰ ਸਕੇ ਉਨ੍ਹਾਂ ਤੋਂ ਦਿਲੋਂ ਮੁਆਫੀ ਮੰਗਦੇ ਹਾਂ।

ਅਸੀਂ ਆਸ ਕਰਦੇ ਹਾਂ ਕਿ ਇਹ ਅੰਕ ਆਪਣੇ ਪਾਠਕਾਂ ਦੀਆਂ ਆਸਾਂ ਅਤੇ ਉਮੰਗਾਂ 'ਤੇ ਖ਼ਰਾ ਉਤਰੇਗਾ।

ਸਾਨੂੰ ਤੁਹਾਡੇ ਵਡਮੁੱਲੇ ਸੁਝਾਵਾਂ ਦਾ ਇੰਤਜ਼ਾਰ ਰਹੇਗਾ।

ਧੰਨਵਾਦ ਸਹਿਤ।

ਸੰਪਾਦਕ



ਸਾਹਿਤ ਕਿਸੇ ਵੀ ਸਮਾਜ ਦੀ ਚੇਤਨਾ, ਸੰਵੇਦਨਾ ਅਤੇ ਬੌਧਿਕ ਵਿਕਾਸ ਦਾ ਮਹੱਤਵਪੂਰਨ ਆਧਾਰ ਹੁੰਦਾ ਹੈ। ਇਹ ਕੇਵਲ ਮਨੁੱਖੀ ਅਨੁਭਵਾਂ ਦੀ ਕਲਾਤਮਕ ਅਭਿਵਿਅਕਤੀ ਨਹੀਂ, ਸਗੋਂ ਸਮਾਜਿਕ ਯਥਾਰਥ ਦੀ ਪਛਾਣ ਕਰਨ, ਇਤਿਹਾਸਕ ਪ੍ਰਸਥਿਤੀਆਂ ਨੂੰ ਸਮਝਣ ਅਤੇ ਭਵਿੱਖ ਦੇ ਸੰਭਾਵੀ ਮਾਰਗਾਂ ਦੀ ਨਿਸ਼ਾਨਦੇਹੀ ਕਰਨ ਦਾ ਵੀ ਇੱਕ ਸਮਰੱਥ ਮਾਧਿਅਮ ਹੁੰਦਾ ਹੈ। ਸਾਹਿਤਕ ਰਚਨਾ ਮਨੁੱਖ ਨੂੰ ਆਪਣੇ ਸਮੇਂ ਅਤੇ ਸਮਾਜ ਨਾਲ ਜੋੜਦੀ ਹੈ, ਜਦੋਂ ਕਿ ਖੋਜ ਉਸ ਦੀ ਚੇਤਨਾ ਨੂੰ ਤਰਕ, ਤੱਥ ਅਤੇ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਇਸੇ ਤਰ੍ਹਾਂ ਅਨੁਵਾਦ ਵੱਖ-ਵੱਖ ਭਾਸ਼ਾਵਾਂ ਅਤੇ ਸੱਭਿਆਚਾਰਾਂ ਵਿਚਕਾਰ ਸੰਵਾਦ ਦੇ ਪੁਲ ਉਸਾਰਦਾ ਹੈ ਅਤੇ ਪੁਸਤਕ ਸਮੀਖਿਆ ਪਾਠਕ ਨੂੰ ਰਚਨਾ ਦੇ ਅੰਦਰਲੇ ਅਰਥਾਂ, ਵਿਚਾਰਧਾਰਕ ਪਾਸਾਰਾਂ ਅਤੇ ਸਾਹਿਤਕ ਮਹੱਤਵ ਨਾਲ ਜਾਣੂ ਕਰਵਾਉਂਦੀ ਹੈ। ਇਨ੍ਹਾਂ ਸਭ ਗੁਣਾਂ ਨਾਲ ਲਿਬਰੇਜ਼ 'ਖੋਜਨਾਮਾ' ਦਾ ਮਈ-ਅਗਸਤ 2026 ਅੰਕ ਤੁਹਾਡੇ ਹੱਥਾਂ ਵਿੱਚ ਹੈ। ਬੇਸ਼ੱਕ ਇਹ ਅੰਕ ਆਪਣੇ ਨਿਰਧਾਰਿਤ ਸਮੇਂ ਤੋਂ ਦੇਰੀ ਨਾਲ ਛਪ ਰਿਹਾ ਹੈ, ਪਰੰਤੂ ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਇਸ ਅੰਕ ਵਿੱਚ ਸ਼ਾਮਿਲ ਸਮੱਗਰੀ ਪਾਠਕਾਂ ਦੇ ਇਸ ਗਿਲੇ ਨੂੰ ਜਰੂਰ ਦੂਰ ਕਰੇਗੀ ਕਿ ਇਹ ਅੰਕ ਦੇਰੀ ਨਾਲ ਕਿਉਂ ਛਪਿਆ? ਇਸ ਅੰਕ ਵਿੱਚ ਇਤਿਹਾਸ, ਮਿਥਿਹਾਸ, ਭਾਸ਼ਾ-ਵਿਗਿਆਨ, ਸਾਹਿਤ-ਚਿੰਤਨ, ਨਾਵਲ-ਅਧਿਐਨ, ਕਵਿਤਾ, ਅਨੁਵਾਦ ਅਤੇ ਪੁਸਤਕ ਸਮੀਖਿਆ ਨਾਲ ਸਬੰਧਿਤ ਵਿਭਿੰਨ ਵਿਸ਼ਿਆਂ ਨੂੰ ਸਥਾਨ ਦਿੱਤਾ ਗਿਆ ਹੈ। ਇਸ ਅੰਕ ਦੀ ਸਮੱਗਰੀ ਦਾ ਮਹੱਤਵ ਇਸ ਗੱਲ ਵਿੱਚ ਹੈ ਕਿ ਇਹ ਸਾਹਿਤ ਨੂੰ ਕਿਸੇ ਇੱਕ ਵਿਧਾ, ਭਾਸ਼ਾ ਜਾਂ ਵਿਚਾਰਧਾਰਾ ਤੱਕ ਸੀਮਤ ਨਹੀਂ ਕਰਦੀ, ਸਗੋਂ ਇਸ ਨੂੰ ਬਹੁ-ਪੱਖੀ ਅਧਿਐਨ ਅਤੇ ਸੰਵਾਦ ਦੇ ਖੁੱਲ੍ਹੇ ਖੇਤਰ ਵਜੋਂ ਗ੍ਰਹਿਣ ਕਰਦੀ ਹੈ।

ਖੋਜਨਾਮਾ ਦੇ ਇਸ ਅੰਕ ਵਿੱਚ ਸ਼ਾਮਿਲ ਵਿਦਵਾਨਾਂ, ਖੋਜਾਰਥੀਆਂ, ਆਲੋਚਕਾਂ ਅਤੇ ਸਾਹਿਤਕਾਰਾਂ ਦਾ ਮੈਂ ਦਿਲੋਂ ਰਿਣੀ ਹਾਂ ਜਿੰਨ੍ਹਾਂ ਦੇ ਸਹਿਯੋਗ ਸਦਕਾ ਅਸੀਂ ਇਹ ਬੇਹੱਦ ਖ਼ੂਬਸੂਰਤ ਗੁਲਦਸਤਾ ਆਪਣੇ ਪਾਠਕਾਂ ਦੀ ਝੋਲੀ ਵਿੱਚ ਪਾ ਰਹੇ ਹਾਂ। ਜਿੰਨ੍ਹਾਂ ਸਖ਼ਸ਼ੀਅਤਾਂ ਦੀਆਂ ਲਿਖਤਾਂ ਨੂੰ ਅਸੀਂ ਇਸ ਅੰਕ ਵਿੱਚ ਸ਼ਾਮਿਲ ਨਹੀਂ ਕਰ ਸਕੇ ਉਨ੍ਹਾਂ ਤੋਂ ਦਿਲੋਂ ਮੁਆਫੀ ਮੰਗਦੇ ਹਾਂ। ਅਸੀਂ ਆਸ ਕਰਦੇ ਹਾਂ ਕਿ ਇਹ ਅੰਕ ਆਪਣੇ ਪਾਠਕਾਂ ਦੀਆਂ ਆਸਾਂ ਅਤੇ ਉਮੰਗਾਂ 'ਤੇ ਖ਼ਰਾ ਉਤਰੇਗਾ।

ਸਾਨੂੰ ਤੁਹਾਡੇ ਵਡਮੁੱਲੇ ਸੁਝਾਵਾਂ ਦਾ ਇੰਤਜ਼ਾਰ ਰਹੇਗਾ।

ਧੰਨਵਾਦ ਸਹਿਤ। ਸੰਪਾਦਕ

www.khojnama.com khojnamapb03@gmail.com +91 98776-61770